## ਫਾਰਮ ਬੀ

(ਦੇਖੋ ਨਿਯਮ 6)

ਅਲਾਟਮੈਂਟ/ਨਿਲਾਮੀ ਰਾਹੀਂ ਵੇਚੀ ਗਈ ਇਮਾਰਤੀ ਜਗ੍ਹਾ/ਜਮੀਨ ਦਾ ਇੰਤਕਾਲਪੱਤਰ/ਰਜਿਸਟਰੀ

ਅਲਾਟਮੈਂਟ ਦੁਆਰਾ ਵੇਚੇ ਗਏ ਪਲਾਟ.......................................ਜਿਸ ਦੀ ਵਰਤੋਂ ਬਤੌਰ ਪਲਾਟ ...........................ਲਈ ........................ਵਿਚ ਕਰਨੀ ਹੈ, ਦਾ ਇੰਤਕਾਲ ਪੱਤਰ/ਰਜਿਸਟਰੀ ਡੀਡ।

ਇਹ ਇਕਰਾਰਨਾਮਾ ...................ਮਹੀਨੇ ਦੇ ............... ਪੈਂਦੇ ............. ਵੇਂ ਦਿਨ ਨੂੰ ਪੰਜਾਬ ਰਾਜ ਐਗਰੀਕਲਚਰਲ ਮਾਰਕਿਟੰਗ ਬੋਰਡ(ਜਿਸ ਨੂੰ ਇਸ ਤੋਂ ਬਾਅਦ ਵਿਕਰੇਤਾ ਆਖਿਆ ਜਾਵੇਗਾ) ਪਹਿਲੀ ਧਿਰ ਅਤੇ ....................................................... (ਜਿਸ ਨੂੰ ਇਸ ਤੋਂ ਬਾਅਦ ਅਲਾਟੀ ਕਿਹਾ ਜਾਵੇਗਾ) ਦੂਜੀ ਧਿਰ ਦਰਮਿਆਨ ਕੀਤਾ ਗਿਆ ਹੈ।

ਇਹ ਕਿ ਪਲਾਟ ਜਿਸ ਦਾ ਵੇਰਵਾ ਇਸ ਉਪਰੰਤ ਹੇਠਾਂ ਦਿੱਤਾ ਗਿਆ ਹੈ ਅਤੇ ਜਿਸ ਨੂੰ ਵੇਚਣਾ ਚਾਹਿਆ ਹੈ, ਦਾ ਪੂਰੇ ਮਲਕੀਅਤੀ ਹੱਕਾਂ ਨਾਲ ਵਿਕਰੇਤਾ ਮਾਲਕ ਸੀ।

ਅਤੇ ਜਦ ਕਿ ਹੁਣ ਪੰਜਾਬ ਰਾਜ ਐਗਰੀਕਲਚਰਲ ਮਾਰਕੀਟਿੰਗ ਬੋਰਡ ਸਥਾਨੰਤਰੀ ਨੂੰ ...................... ਰੁ: (ਰੁਪਏ..............................................................................) ਵਿਚ ਇਹ ਪਲਾਟ.................... ਨਿਰਮਾਣ ਕਰਨ ਹੇਤੂ ਵੇਚਣ ਦੀ ਮੰਨਜੂਰੀ ਦੇ ਦਿੱਤੀ ਹੈ।

ਅਤੇ ਜਦਕਿ ਅਲਾਟੀ ਨੇ ਉਕਤ ਪਲਾਟ ਦੀ ਕੁਲ ਖ੍ਰੀਦ ਰਕਮ ਰੁ: ....................)......................................................................... ਰੁਪਏ) ਦੇ ਦਿੱਤੀ ਹੈ।

ਇਸ ਲਈ ਹੁਣ ਅਲਾਟੀ ਦੇ ਇਕਰਾਰ ਤੇ ਗੌਰ ਕਰਦੇ ਹੋਏ ਉਕਤ ਵਿਕਰੀ ਨੂੰ ਕ੍ਰਿਆਤਮਕ ਰੂਪ ਦੇਣ ਲਈ ਨਿਮਨ ਅਨੁਸਾਰ ਵਿਕ੍ਰੇਤਾ ਤਦ ਅਨੁਸਾਰ ਸਾਰੇ ਭਾਗ ਜਾਂ ਪਲਾਟ ਨੰ: ........................ ਪੈਮਾਇਸ ...................... ਵਰਗ ਗਜ ਜਾਂ ਜਿਆਦਾ ਵਿਸੇਸ ਕਰਕਰੇ ਅਸਟੇਟ ਅਫਸਰ ਦੇ ਦਫਤਰ ਵਿਚ ਦਿੱਤੇ ਗਏ ਨਕਸ਼ੇ ਵਿਚ ਜਿਵੇਂ ਦਰਸਾਇਆ ਗਿਆ ਹੋਵੇ, ਅਨੁਸਾਰ ਮਨਜੂਰ ਕਰਦਾ ਹੈ ਅਤੇ ਅਲਾਟੀ ਨੂੰ ਦਿੰਦਾ ਹੈ।

ਰੱਖਣ ਲਈ, ਆਪਣੇ ਕਬਜੇ ਵਿਚ ਲੈਣ ਲਈ ਅਤੇ ਅਲਾਟੀ ਦੀ ਵਰਤੋਂ ਲਈ ਨਿਮਨਲਿਖਤ ਛੋਟਾਂ, ਰਾਖਵੀਕਰਨ, ਸ਼ਰਤਾਂ ਅਤੇ ਇਕਰਾਰਾਂ ਅਨੁਸਾਰ ਅਤੇ ਉਹਨਾਂ ਵਿਚੋਂ ਹਰ ਇਕ ਅਨੁਸਾਰ ਜਿਵੇਂ ਕਿ:-

1) ਅਲਾਟੀ ਉਨੰਾ ਚਿਰ ਕਬਜੇ ਦਾ ਅਧਿਕਾਰ ਰਖ ਸਕਦਾ ਹੈ ਜਿੰਨਾ ਉਹ ਪੰਜਾਬ ਰਾਜ ਐਗਰੀਕਲਚਰਲ ਮਾਰਕੀਟਿੰਗ ਬੋਰਡ (ਪਲਾਟ ਦੀ ਵਿਕਰੀ ਤੇ ਟਰਾਂਸਫਰ) ਨਿਯਮ 1999 ਅਤੇ ਸਮੇਂ-ਸਮੇਂ ਅਨੁਸਾਰ ਬੋਰਡ ਦੁਆਰਾ ਨਿਸਚਿਤ ਸ਼ਰਤਾਂ ਤੇ ਪ੍ਰਾਬਧਾਨ ਅਨੁਸਾਰ ਨਿਯਮਾਂ ਤੇ ਸ਼ਰਤਾਂ ਦਾ ਪਾਲਣ ਕਰੇਗਾ।

2) ਵਿਕ੍ਰੇਤਾ ਆਪਣੇ ਆਪ ਲਈ ਸਭ ਕਾਂਨਾ, ਖਣਿਜ ਜੋ ਭੀ ਉਕਤ ਜਗ੍ਹਾ ਦੇ ਵਿਚ ਜਾਂ ਹੇਠਾਂ ਹੋਣ, ਰਾਖਵੀਕਰਨ ਦਾ ਹੱਕ ਸਭ ਅਧਿਕਾਰਾਂ ਅਤੇ ਸ਼ਕਤੀਆਂ ਸਮੇਤ ਜੋ ਵੀ ਖੋਜ ਕਰਨ, ਕੰਮ ਕਰਨ, ਹਟਾਉਣ ਲਈ ਤੇ ਪ੍ਰਾਪਤ ਕਰਨ ਲਈ ਜਰੂਰੀ ਅਤੇ ਢੁਕਵੇਂ ਹੋਣ ਅਤੇ ਇਸ ਹੱਕ ਨੂੰ ਸਾਰੇ ਸਮਿਆਂ ਲਈ ਇਸ ਪ੍ਰਕਾਰ ਰਖੇਗਾ ਜਿਵੇਂ ਵਿਕ੍ਰੇਤਾ ਮੁਨਾਸਬ ਸਮਝੇ ਅਤੇ ਇਹ ਹੱਕ ਜਗ੍ਹਾ ਦੀ ਸਤਹ ਤੇ ਅਤੇ ਕਿਸੀ ਵੀ ਹਿੱਸੇ ਤੇ ਜਾਂ ਭੂਮੀਗਤ ਕੰਮ ਕਰਨ ਲਈ ਸਮੇਤ ਸ਼ਕਤੀਆਂ ਹੋਵੇਗਾ ਅਤੇ ਵਿਕ੍ਰੇਤਾ ਨੂੰ ਇਹ ਹੱਕ ਜਗ੍ਹਾ ਦੀ ਸਤਹ ਉੱਤੇ ਜਾਂ ਸਧਾਰਨ ਤੌਰ ਤੇ ਉਕਤ ਪਲਾਟ ਦੀ

ਸਤਹ ਤੇ ਇਹ ਸਭ ਚੀਜਾਂ ਕਰਨ ਲਈ ਜਿਵੇਂ ਵੀ ਸੁਵਿਧਾਨਕ ਜਾਂ ਜਰੂਰੀ ਹੋਵੇ, ਅਤੇ ਸਭ ਨਿਮਨਲਿਖਤ ਛੋਟਾਂ ਨਾਲ ਅਤੇ ਰਾਖਵੇਂਕਰਨ ਲਈ ਉਕਤ ਮਕਮਦ ਲਈ ਹੋਵੇਗਾ।

ਇਹ ਪ੍ਰਾਬਧਾਨ ਵੀ ਕੀਤਾ ਜਾਦਾ ਹੈ ਕਿ ਅਲਾਟੀ ਨੂੰ ਵਿਕ੍ਰੇਤਾ ਤੋਂ ਪਲਾਟ ਦੀ ਉਸ ਦੁਆਰਾ ਸਤਹ ਮੱਲਣ, ਸਤਹ ਨੂੰ ਜਾਂ ਉਸ ਉੱਤੇ ਨਿਰਮਤ ਇਮਾਰਤ ਨੂੰ ਨੁਕਸਾਨ ਪੁੱਜਣ ਕਰਕੇ, ਉਕਤ ਪਲਾਟ ਤੇ ਉਸਾਰੀਆਂ ਗਈਆਂ ਹੋਣ, ਅਜਿਹੇ ਕੰਮਾਂ ਕਰਕੇ ਖਰਾਬ ਹੋ ਜਾਣ, ਜਿਵੇਂ ਵੀ ਵਿਕ੍ਰੇਤਾ ਅਤੇ ਅਲਾਟੀ ਦਰਮਿਆਨ ਸਹਿਮਤੀ ਹੋਵੇ ਅਤੇ ਇਹੋ ਜਿਹਾ ਸਮਝੌਤਾ ਨਾ ਸਿਰੇ ਚੜ੍ਹਣ ਦੀ ਸੁਰਤ ਵਿਚ ਸਾਲਸ ਦੁਆਰਾ ਜੋ ਤੈਅ ਕੀਤਾ ਜਾਵੇਗਾ ਅਨੁਸਾਰ ਪੇਮੈਂਟ ਲੈਣ ਦਾ ਹੱਕ ਹੋਵੇਗਾ।

3) ਤਦ ਤੱਕ ਸਮੇਂ ਲਈ ਅਲਾਟੀ ਉਹ ਸਾਰੇ ਆਮ ਅਤੇ ਸਥਾਨਿਕ ਕਰ, ਰੇਟਸ ਜਾਂ ਮੂਲ ਅੰਕਤ ਰਕਮਾਂ ਦੀ ਅਦਾਇਗੀ ਕਰਦਾ ਰਹੇਗਾ ਜੋ ਉਕਤ ਪਲਾਟ ਤੇ ਲੱਗੀਆਂ ਮੂਲ ਅੰਕਿਤ ਕੀਤੀਆਂ ਗਈਆਂ ਹੋਣ ਕਿਸੀ ਯੋਗ ਅਧਿਕਾਰੀ ਦੁਆਰਾ।

4) ਵਿਕਰੀ/ਨਿਲਾਮੀ ਦੀ ਮਿਤੀ ਜਾਣੀ ਕਿ ..................... ਤੋਂ ਦ ਸਾਲ ਦੇ ਸਮੇਂ ਦੇ ਅੰਦਰ-ਅੰਦਰ ਉਕਤ ਪਲਾਟ ਤੇ ਮੰਨਜੂਰ ਸ਼ੁਦਾ ਨਕਸੇ ਅਨੁਸਾਰ...................... ਦਾ ਅਲਾਟੀ ਨਿਮਾਣ ਕਰੇਗਾ। ਬੇਸੱਕ ਇਹ ਪ੍ਰਾਬਧਾਨ ਹੈ ਕਿ ਇਹ ਸਮਾਂ ਸੀਮਾ ਇਸ ਧਾਰਾ ਅਧੀਨ ਯੋਗ ਅਧਿਕਾਰੀ ਦੁਆਰਾ ਪੰਜਾਬ ਰਾਜ ਐਗਰੀਕਲਚਰਲ ਮਾਰਕੀਟਿੰਗ ਬੋਰਡ(ਪਲਾਟਾਂ ਦੀ ਵਿਕਰੀ ਤੇ ਟ੍ਰਾਂਸਫਰ) ਨਿਯਮ 1999 ਜਿਵੇਂ ਵੀ ਸਮੇਂ-ਸਮੇਂ ਸੰਸੋਧਨ ਹੋਵੇ ਅਨੁਸਾਰ ਵਧਾਈ ਜਾ ਸਕਦੀ ਹੈ।

5) ਪੱਕੇ ਤੌਰ ਤੇ ਇਮਾਰਤ ਖੜ੍ਹੀ ਕਰਨ ਜਾਂ ਸੁਰੂ ਕਰਨ ਜਾਂ ਪੂਰੀ ਕਰਨ ਤੋਂ ਪਹਿਲਾਂ ਅਲਾਟੀ ਉਕਤ ਤੇ ਇਮਾਰਤ ਉਸਾਰਨ ਲਈ ਤੰਬੂ ਲਗਾ ਸਕਦਾ ਹੈ, ਅਸਥਾਈ ਸ਼ੈਡ ਖੜ੍ਹੀ ਕਰ ਸਕਦਾ ਹੈ ਜਾਂ ਕੱਚੀ ਇਮਾਰਤ ਬਣਾ ਸਕਦਾ ਹੈ।

6) ਵਿਕ੍ਰੇਤਾ ਆਪਣੇ ਅਫਸਰਾਂ ਅਤੇ ਮੁਲਾਜਮਾਂ ਦੁਆਰਾ ਹਰ ਯੋਗ ਸਮੇਂ ਅਤੇ ਯੋਗ ਤਰੀਕੇ ਨਾਲ 24(ਚੌਵੀ) ਘੰਟੇ ਦਾ ਨੋਟਿਸ ਦੇ ਕੇ, ਉਕਤ ਪਲਾਟ/ਇਮਾਰਤ ਵਿਚ ਜਾਂ ਇਸ ਦੇ ਕਿਸੇ ਵੀ ਹਿੱਸੇ ਵਿਚ ਇਹਨਾਂ ਦੀ ਹਾਜਰੀ ਵਿਚ ਕੰਮ ਦਾ ਮੁਲਅੰਕਣ ਕਰਨ ਨਾਲ ਦਾਖਲ ਹੋ ਸਕਦਾ ਹੈ ਤੇ ਨਿਰੀਖਣ ਕਰ ਸਕਦਾ ਹੈ।

7) ਉਹ ਸਭ ਕੰਮਾਂ ਜਾਂ ਚੀਜਾਂ ਜੋ ਸਾਰੀਆਂ ਜਾਂ ਕਿਸੀ ਇੱਕ ਸ਼ਰਤ ਜਾਂ ਰਾਖਵੀਂਕਰਨ ਜਿਵੇਂ ਕਿ ਇਸ ਵਿਚ ਦਰਜ ਹੈ, ਦੀ ਪਾਲਣਾ ਕਰਨ ਹਿੱਤ ਅਤੇ ਅਲਾਟੀ ਤੋਂ ਉਕਤ ਪਲਾਟ ਉੱਤੇ ਪ੍ਰਥਮ ਚਾਰਜ ਲੈਣ, ਇਹੋ ਜਿਹੇ ਸਾਰੇ ਜਾਂ ਕਿਸੀ ਇੱਕ ਚੀਜ ਜਾਂ ਕੰਮ ਦਾ ਖਰਚਾ ਅਤੇ ਉਸ ਨਾਲ ਸਬੰਧਤ ਤੇ ਇਸ ਸਬੰਧ ਵਿਚ ਕੀਤੇ ਗਏ ਖਰਚੇ ਉਸ ਤੋਂ ਵਸੂਲਣ ਲਈ, ਜੋ ਵੀ ਸੁਵਿਧਾਜਨਕ ਅਤੇ ਜਰੂਰੀ ਹੋਣ, ਕਰੇਗਾ।

8) ਅਲਾਟੀ ਪੰਜਾਬ ਐਗਰੀਕਲਚਰਲ ਪ੍ਰੋਡੀਊਸ ਮਾਰਕਿਟਸ ਐਕਟ 1961 ਅਧੀਨ ਬਣਾਏ ਜਾਂ ਜਾਰੀ ਸਭ ਹੁਕਮ ਅਤੇ ਨਿਯਮਾਂ ਨੂੰ ਮੰਨਜੂਰ ਅਤੇ ਪ੍ਰਵਾਨ ਕਰੇਗਾ।

9) ਅਲਾਟੀ ਦੁਆਰਾ ਕਿਸੀ ਵੀ ਸੂਰਤ ਜਾਂ ਨਿਯਮ ਜੋ ਇਸ ਵਸੀਕੇ ਵਿਚ ਦਰਜ ਹਨ ਦੀ ਉਲੰਘਣਾ ਕਰਨ ਦੀ ਸੂਰਤ ਵਿਚ, ਜੋ ਅਲਾਟੀ ਦੁਆਰਾ ਕੀਤੇ ਜਾਂ ਧਿਆਨ ਵਿਚ ਰੱਖੇ ਜਾਣੇ ਹਨ, ਅਸਟੇਟ ਅਫਸਰ ਲਈ ਇਹ ਕਾਨੂੰਨੀ ਹੱਕ ਹੋਵੇਗਾ, ਕਿਸੇ ਵੀ ਪਹਿਲਾਂ ਕਿਸੀ ਕਾਰਣ ਕਰਕੇ ਭਾਵੇਂ ਮੁਆਫ ਵੀ ਹੋਵੇ, ਉਤੇ ਉਕਤ ਪਲਾਟ ਜਾਂ ਉਸ ਉੱਤ ਨਿਰਮਤ ਇਮਾਰਤ ਜਾਂ ਕਿਸੀ ਵੀ ਹਿੱਸੇ ਵਿਚ ਦਾਖਲ ਹੋਵੇਗਾ ਅਤੇ ਉਸ ਤੇ ਦੁਬਾਰਾ ਕਬਜਾ ਕਰੇਗਾ ਅਤੇ ਉਸ

ਨੂੰ ਆਪਣੇ ਅਧੀਨ ਰਖੇਗਾ ਜਿਵੇਂ ਕਿ ਉਹ ਉਸ ਕੋਲ ਪਹਿਲਾਂ ਸੀ ਅਤੇ ਅਲਾਟੀ ਨੂੰ ਖ੍ਰੀਦ ਰਕਮ ਵਾਪਸ ਲੈਣ ਦਾ ਜਾਂ ਉਸ ਦਾ ਕਿਸੇ ਹਿੱਸੇ ਨੂੰ ਲੈਣ ਦਾ, ਕੋਈ ਹੱਕ ਨਹੀਂ ਹੋਵੇਗਾ।

10) ਕਿਸੇ ਵੀ ਕਿਸਮ ਦੇ ਇਸ ਪਲਾਟ ਨਾਲ ਸਬੰਧਤ ਅਦਾਇਗੀ ਦੇ ਸਾਰੇ ਬਕਾਇਆਤ ਜੋ ਲੈਣ ਯੋਗ ਹਨ, ਜਮੀਨ ਦੇ ਮਾਮਲੇ ਦੇ ਬਕਾਇਆਤ ਦੀ ਤਰ੍ਹਾਂ ਵਸੂਲੇ ਜਾਣਗੇ।

11) ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ ਅਕਟ 1961 ਅਤੇ ਪੰਜਾਬ ਰਾਜ ਐਗਰੀਕਲਚਰਲ ਮਾਰਕੀਟਿੰਗ ਬੋਰਡ (ਪਲਾਟਾਂ ਦੀ ਵਿਕਰੀ ਅਤੇ ਟ੍ਰਾਂਸਫਰ) ਨਿਯਮ 1999 ਜਿਵੇਂ ਵੀ ਇਹਨਾਂ ਦਾ ਸਮੇਂ-ਸਮੇਂ ਤੇ ਸੰਸੋਧਨ ਹੋਇਆ ਹੋਵੇ, ਨੂੰ ਮੰਨਣ ਦਾ ਅਲਾਟੀ ਹਰ ਤਰ੍ਹਾਂ ਪਾਬੰਦ ਹੋਵੇਗਾ।

12) ਐਸੇ ਪਲਾਟ ਜਾਂ ਇਮਾਰਤ ਤੇ ਕੋਈ ਹੋਰ ਨਿਰਮਾਣ ਜਾਂ ਉਸ ਵਿਚ ਤਬਦੀਲੀ ਜਾਂ ਵਾਧਾ ਬਿਨ੍ਹਾਂ ਅਸਟੇਟ ਅਫਸਰ ਦੇ ਲਿਖਤ ਰੂਪ ਵਿਚ ਮੰਨਜੂਰੀ ਜਾਂ ਇਜਾਾਤ ਲਏ ਅਲਾਟੀ ਨਹੀਂ ਕਰੇਗਾ।

13) ਅਲਾਟੀ, ਅਸਟੇਟ ਅਫਸਰ ਦੀ ਲਿਖਤ ਆਗਿਆ ਤੋਂ ਬਿਨਾਂ ਪਲਾਟ ਤੇ ਜਾਂ ਉਸ ਉੱਤੇ ਕਿਸੀ ਇਮਾਰਤ ਵਿਚ ਕੋਈ ਵੀ ਵਪਾਰ ਜਾਂ ਕਾਰੋਬਾਰ ਨਾਂ ਹੀ ਆਪ ਸੁਰੂ ਕਰ ਸਕਦਾ ਹੈ ਅਤੇ ਨਾ ਹੀ ਸੁਰੂ ਕਰਨ ਦੀ ਆਗਿਆ ਦੇ ਸਕਦਾ ਹੈ। ਜਿਸ ਤਰ੍ਹਾਂ ਵੀ ਹੋਵੇ ਉਸ ਮੰਤਵ ਤੋਂ ਬਿਨਾਂ ਜਿਸ ਮੰਤਵ ਲਈ ਉਸ ਨੂੰ ਇਹ ਅਲਾਟ ਕੀਤਾ ਗਿਆ ਹੈ, ਕਿਸੀ ਹੋਰ ਮੰਤਵ ਲਈ ਨਾ ਹੀ ਇਸ ਨੂੰ ਆਪ ਵਰਤ ਸਕਦਾ ਹੈ ਅਤੇ ਨਾਂ ਹੀ ਵਰਤਣ ਦੀ ਆਗਿਆ ਦੇ ਸਕਦਾ ਹੈ।

14) ਕਿਸੇ ਝਗੜੇ ਜਾਂ ਫਰਕ ਦੀ ਸੂਰਤ ਵਿਚ ਜੋ ਕਿਸੀ ਵਕਤ ਵੀ ਵਿਕ੍ਰੇਤਾ ਜਾਂ ਅਲਾਟੀ ਦਰਮਿਆਨ ਪੈਦਾ ਹੋ ਗਿਆ ਹੋਵੇ, ਇਸ ਵਿਚ ਦਰਜ ਮੰਤਵ ਦੇ ਸਬੰਧ ਵਿਚ ਜਾਂ ਉਸ ਨਾਲ ਸਬੰਧਤ ਕਿਸੀ ਪ੍ਰਾਬਧਾਨ ਕਰਕੇ, ਜਾਇਦਾਦ ਅਤੇ ਸਬੰਧਤ ਅਧਿਕਾਰ ਰਾਖਵੇਂ ਰਖੇ ਜਾਂਦੇ ਹਨ ਜਾਂ ਕਿਸੀ ਆਕਸਮਿਕ ਜਾਂ ਉਸ ਨਾਲ ਸਬੰਧਤ ਉਕਤ ਝਗੜੇ ਜਾਂ ਫਰਕ ਦਾ ਹਵਾਲਾ ਬੋਰਡ ਦੇ ਸਕੱਤਰ ਨੂੰ ਸੌਂਪਿਆ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਦੋਨੋਂ ਧਿਰਾਂ ਤੇ ਪਾਬੰਦ ਹੋਵੇਗਾ।

ਜੇਕਰ ਅਤੇ ਜਦੋਂ ਤੱਕ ਅਲਾਟੀ ਪੂਰੀ ਤਰ੍ਹਾਂ ਸਚਾਈ ਨਾਲ ਕੰਮ ਕਰਦਾ ਹੈ ਤੇ ਸਭ ਸ਼ਰਤਾਂ ਤੇ ਨਿਯਮਾਂ ਦਾ ਪਾਲਣ ਕਰਦਾ ਹੈ ਤੇ ਕਰਨਾ ਜਾਰੀ ਰੱਖਦਾ ਹੈ, ਜੋ ਇਸ ਵਿਚ ਬਣਾਈਆਂ ਗਈਆਂ ਹਨ ਅਤੇ ਉਲਟ ਕੁਝ ਨਹੀਂ ਹੁੰਦਾ, ਵਿਕ੍ਰੇਤਾ ਅਲਾਟੀ ਲਈ ਅਮਨ ਪੂਰਵਕ ਤੇ ਪੂਰਣ ਅਧਿਕਾਰ ਉਕਤ ਅਲਾਟੀ ਲਈ ਸੁਰੱਖਿਅਤ ਕਰੇਗਾ ਅਤੇ ਇਸ ਵਿਚ ਦਰਸਾਏ ਗਏ ਅਧਿਕਾਰਾਂ ਦਾ ਉਸ ਨੂੰ ਯਕੀਨ ਦੁਆਏਗਾ।

ਅਤੇ ਇੱਥੇ ਇਹ ਸਹਿਮਤੀ ਤੇ ਘੋਸਣਾ ਕੀਤੀ ਜਾਂਦੀ ਹੈ, ਜਦ ਤੱਕ ਕੋਈ ਵੱਖਰਾ ਅਰਥ ਇਸ ਵਿੱਚ ਦਰਜ ਵਿਆਖਿਆ ਤੋਂ ਪ੍ਰਾਪਤ ਨਹੀਂ ਹੁੰਦਾ ਇਸ ਵਿਚ ਵਰਤਿਆ ਸਬਦ ਅਲਾਟੀ ਦੇ ਭਾਵ ਵਿਚ ਉਕਤ...................................... ਦੇ ਕਾਨੂੰਨੀ ਵਾਰਸਾਂ (ਮੰਨਜੂਰ ਸ਼ੁਦਾ), ਉੱਤਰ ਅਧਿਕਾਰੀ ਜਾਂ ਪ੍ਰਤੀਨਿਧੀ, ਨੌਕਰ ਚਾਕਰ, ਅਫਸਰ, ਸਥਾਨਅੰਤਰੀ, ਪੱਟੇਦਾਰ ਅਤੇ ਕੋਈ ਵੀ ਵਿਅਕਤੀ ਉਸ ਤੇ ਬਣੀ ਇਮਾਰਤ ਤੇ ਅਸਟੇਟ ਅਫਸਰ ਦੀ ਆਗਿਆ ਨਾਲ ਕਾਬਜ ਹੋਣ ਸਮਿਲਤ ਹੋਵੇਗਾ।

ਇਸ ਦੀ ਗਵਾਹੀ ਵਿਚ ਪਾਰਟੀਆਂ ਧਿਰਾਂ ਨੇ ਨਿਮਨ ਪ੍ਰਕਾਰ ਆਪਣੇ ਨਾਮਾਂ ਦੇ ਸਾਹਮਣੇ ਉਪਯੁਕਤ ਜਗਾਹ ਤੇ ਇਸ ਉਪਰੰਤ ਦਿੱਤੀ ਗਏ ਮਿਤੀ ਨੂੰ ਆਪਣੇ ਹਰ ਇੱਕ ਨੇ ਹਸਤਾਖਰ (ਹਸਤ ਅਨੁਦਾਨੀ) ਕੀਤੇ ਹਨ।

ਉਕਤ ਦੁਆਰਾ ਹਸਤਾਖਰ.......................

ਅਲਾਟੀ ਵਲੋਂ ...................................

................................. 200 ਦੇ ....................... ਵੇਂ ਦਿਨ

ਗਵਾਹਾਂ ਦੀ ਹਾਜਰੀ ਵਿਚ:

ਗਵਾਹਾਂ ਵਿਚੋਂ ਇੱਕ ਗਵਾਹ ਰਜਿਸਟਰਾਰ (ਉਸ ਦੀ ਕੋਰਟ ਮੋਹਰ ਸਮੇਤ)

ਨੰ: 1

ਨਾਮ:

ਰਿਹਾਇਸ਼:

ਕਿੱਤਾ:

ਨੰ: 2

ਨਾਮ:

ਰਿਹਾਇਸ਼:

ਕਿੱਤਾ:

ਵਾਸਤੇ ਅਤੇ ਵਲੋਂ ਪੰਜਾਬ ਰਾਜ ਐਗਰੀਕਲਚਰਲ ਮਾਰਕੀਟਿੰਗ ਬੋਰਡ/ਮਾਰਕਿਟ ਕਮੇਟੀ ਦੁਆਰਾ

ਮਿਤੀ ............................ ਮਹੀਨਾ ............................. 200 ਨ

ਹਸਤਾਖਰ ਅਤੇ ਆਪਣੀ ਅਧਿਕਾਰਿਤ ਮੋਹਰ

ਗਵਾਹਾਂ ਦੀ ਹਾਜਰੀ ਵਿਚ

ਨੰ: 1

ਨਾਮ:

ਰਿਹਾਇਸ਼:

ਕਿੱਤਾ:

ਨੰ: 2

ਨਾਮ:

ਰਿਹਾਇਸ਼:

ਕਿੱਤਾ: